**ਦਫ਼ਤਰ ਡਾਇਰੈਕਟਰ, ਰਾਜ ਵਿੱਦਿਅਕ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ,**
**ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ ਮੋਹਾਲੀ**
**ਫੋਨ ਨੰ: 0172-2212221, ਫੈਕਸ ਨੰ: 0172-2212793**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿੱ.,ਐ.ਸਿੱ.)

ਪੰਜਾਬ।

ਮੀਮੋ ਨੰ: 5/5-2018 (ਅਕਾ)

ਮਿਤੀ 13-02-2019

**ਵਿਸ਼ਾ: ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਪ੍ਰਸ਼ਨ ਬੈਂਕ ਦਾ ssapunjab.org ਦੀ Website (SCERT) ਉਪਰ ਅਪਲੋਡ ਕਰਨ ਸੰਬੰਧੀ ਅਤੇ ਉਨ੍ਹਾਂ ਲਈ SSA-II ਮੁਲਾਂਕਣ ਲਈ ਪ੍ਰਸ਼ਨ-ਪੱਤਰ ਤਿਆਰ ਕਰਨ ਬਾਰੇ।**

ਉਪਰੋਕਤ ਵਿਸ਼ੇ ਅਧੀਨ ਦੱਸਿਆ ਜਾਂਦਾ ਹੈ ਕਿ ਵਿਲੱਖਣ ਸਮਰੱਥਾ CWSN (HI,VI ਅਤੇ MR ) ਵਾਲੇ ਵਿਦਿਆਰਥੀਆਂ ਦੀ ਸਹੂਲਤ ਲਈ ਵੱਖ-ਵੱਖ ਵਿਸ਼ਿਆ ਲਈ 5ਵੀਂ ਤੋਂ 8ਵੀਂ ਜਮਾਤ ਲਈ SCERT ਵਲੋਂ ਪ੍ਰਸ਼ਨ ਬੈਂਕ ਤਿਆਰ ਕੀਤਾ ਗਿਆ ਹੈ ਜਿਸ ਨੂੰ ssapunjab.org ਦੀ Website ਉਪਰ SCERT under study material ਦੇ link ਉਪਰ ਉਪਲਬਧ ਕਰਵਾਇਆ ਗਿਆ ਹੈ ਤਾਂ ਜੋ ਵਿਦਿਆਰਥੀ ਇਸ ਦਾ ਵੱਧ ਤੋਂ ਵੱਧ ਫਾਇਦਾ ਲੈ ਸਕਣ।CWSN ਵਿਦਿਆਰਥੀ ,ਉਨਾਂ ਦੇ parents ਅਤੇ ਉਨਾਂ ਦੇ ਅਧਿਆਪਕਾਂ ਨੂੰ ਇਸ ਦੀ ਜਾਣਕਾਰੀ ਦੇਣੀ ਯਕੀਨੀ ਬਣਾਈ ਜਾਵੇ ਅਤੇ CWSN ਵਿਦਿਆਰਥੀਆਂ ਦੇ ਅਧਿਆਪਕਾਂ ਨੂੰ ਇਹ ਹਦਾਇਤ ਜਾਰੀ ਕੀਤੀ ਜਾਵੇ ਕਿ ਉਹ ਵਿਦਿਆਰਥੀਆਂ ਨੂੰ ਪ੍ਰਸ਼ਨ ਬੈਂਕ ਦੀ ਹਾਰਡ ਕਾਪੀ ਉਪਲਬਧ ਕਰਵਾਉਣਾ ਯਕੀਨੀ ਬਣਾਉਣ।ਅਧਿਆਪਕਾਂ ਨੂੰ ਇਹ ਵੀ ਦੱਸਿਆ ਜਾਵੇ ਕਿ CWSN ਦੇ ਵਿਦਿਆਰਥੀਆਂ ਲਈ ਪ੍ਰਸ਼ਨ-ਪੱਤਰ ਇਸੇ ਪ੍ਰਸ਼ਨ ਬੈਂਕ ਵਿਚੋਂ ਤਿਆਰ ਕੀਤਾ ਜਾਣਾ ਹੈ ।CWSN ਪਹਿਲੀ ਤੋਂ ਅੱਠਵੀਂ ਜਮਾਤ ਤੱਕ ਦੇ SA-II ਮੁਲਾਂਕਣ ਲਈ ਪ੍ਰਸ਼ਨ-ਪੱਤਰ CWSN ਵਿਦਿਆਰਥੀਆਂ ਲਈ ਸਕੂਲ ਅਧਿਆਪਕ ਇਸ ਪ੍ਰਸ਼ਨ ਬੈਂਕ ਅਨੁਸਾਰ ਹੀ ਤਿਆਰ ਕਰਨ ਭਾਵ ਕਿ ਵਿਦਿਆਰਥੀਆਂ ਲਈ ਪ੍ਰਸ਼ਨ-ਪੱਤਰ ਅਧਿਆਪਕਾਂ ਦੁਆਰਾ ਆਪਣੇ ਪੱਧਰ ਤੇ CWSN ਦੇ ਵਿਦਿਆਰਥੀਆਂ ਦੀ ਸਹੂਲਤ ਅਨੁਸਾਰ ਹੀ ਤਿਆਰ ਕੀਤਾ ਜਾਵੇ ਅਤੇ ਉਨ੍ਹਾਂ ਦੀ ਸਲਾਨਾ ਪ੍ਰੀਖਿਆ ਲਈ ਜਾਵੇ।ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਇਹ ਵੀ ਦੱਸਿਆ ਜਾਵੇ ਕਿ 9ਵੀਂ ਤੋਂ 12ਵੀਂ ਜਮਾਤ ਦਾ ਪ੍ਰਸ਼ਨ ਬੈਂਕ CWSN ਵਿਦਿਆਰਥੀਆਂ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਆਪਣੀ ਵੈਬਸਾਈਟ www.pseb.ac.in ਤੇ ਅਪਲੋਡ ਕੀਤਾ ਹੈ।

ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਜ਼ਿਲ੍ਹੇ ਦੇ ਸਾਰੇ ਸਕੂਲਾਂ ਵਿੱਚ ਜਲਦ ਤੋਂ ਜਲਦ ਇਹ ਸੂਚਨਾ ਭੇਜਣੀ ਯਕੀਨੀ ਬਣਾਈ ਜਾਵੇ ਤਾਂ ਜੋ CWSN ਵਿਦਿਆਰਥੀ ਸਮਾਂ ਰਹਿੰਦੇ ਇਸ ਦਾ ਵੱਧ ਤੋਂ ਵੱਧ ਫਾਇਦਾ ਲੈ ਸਕਣ।

ਸਹਾਇਕ ਡਾਇਰੈਕਟਰ (ਅਕਾਦਮਿਕ)